**Office of the Sub Divisional Magistrate-cum-ERO, 094-Talwandi Sabo**

**ਦਫ਼ਤਰ ਉੱਪਮੰਡਲਮੈਜਿਸਟਰੇਟ -ਕਮ- ਚੋਣਕਾਰਰਜਿਸਟਰੇਸ਼ਨ ਅਫ਼ਸਰ, 094-ਤਲਵੰਡੀ ਸਾਬੋ**

ਵੱਲ

1. ਜਿਲ੍ਹਾ ਸਿੱਖਿਆ ਅਫ਼ਸਰ, ਬਠਿੰਡਾ (ਸੈਕੰਡਰੀ / ਐਲੀਮੈਂਟਰੀ)।
2. ਸਮੂਹ ਵਿਭਾਗਾ ਦੇ ਮੁੱਖੀ, ਸਬ ਡਵੀਜਨ , ਤਲਵੰਡੀ ਸਾਬੋ।

ਪੱਤਰ ਨੰ:-5561-62/ਚੋਣ

ਮਿਤੀ : 27/10/2022

ਵਿਸ਼ਾ:- ਯੋਗਤਾ ਮਿਤੀ 01/01/2023 ਦੇ ਆਧਾਰ ਤੇ ਵੋਟਰ ਸੂਚੀਆ ਦੀ ਸਰਸਰੀ ਸੁਧਾਈ ਅਤੇ ਵੋਟਰ ਕਾਰਡਾਂ ਨੂੰ ਆਧਾਰ ਕਾਰਡਾਂ ਨਾਲ ਲਿੰਕ ਕਰਨ ਸਬੰਧੀ।

ਉਪਰੋਕਤ ਵਿਸ਼ੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਭਾਰਤ ਚੋਣ ਕਮਿਸ਼ਨ ਦੀਆ ਹਦਾਇਤਾ ਅਤੇ ਮੁੱਖ ਚੋਣ ਅਫ਼ਸਰ, ਪੰਜਾਬ ਅਤੇ ਜਿਲ੍ਹਾ ਚੋਣ ਅਫ਼ਸਰ, ਬਠਿੰਡਾ ਜੀ ਵਲੋਂ ਪ੍ਰਾਪਤ ਹੋਏ ਆਦੇਸ਼ਾ ਅਨੁਸਾਰ ਮਿਤੀ 01/08/2022 ਤੋਂ ਵੋਟਰ ਸੂਚੀਆ ਦੀ ਸਰਸਰੀ ਸੁਧਾਈ ਅਤੇ ਸਮੂਹ ਵੋਟਰ ਕਾਰਡਾਂ ਨੂੰ ਆਧਾਰ ਕਾਰਡ ਨਾਲ ਲਿੰਕ ਕੀਤੇ ਜਾਣ ਸਬੰਧੀ ਕੰਮ ਚੱਲ ਰਿਹਾ ਹੈ। ਇਸ ਕੰਮ ਵਿੱਚ ਤੇਜੀ ਲੈ ਕੇ ਆਉਣ ਲਈ ਬੀ.ਐਲ.ਓਜ. ਵਲੋਂ ਘਰ-2 ਜਾ ਕੇ ਆਧਾਰ ਕਾਰਡ ਨੂੰ ਵੋਟਰ ਕਾਰਡ ਨਾਲ ਲਿੰਕ ਕੀਤਾ ਜਾਣਾ ਹੈ। ਜਿਸ ਸਬੰਧੀ ਇਸ ਦਫ਼ਤਰ ਵਲੋਂ ਹਰ ਹਫ਼ਤੇ ਹਰ ਸ਼ਨੀਵਾਰ ਬੀ.ਐਲ.ਓਜ. ਨੂੰ ਵਿਭਾਗੀ ਡਿਊਟੀ ਤੋਂ ਫਾਰਗ ਕਰਨ ਲਈ ਲਿਖਿਆ ਗਿਆ ਸੀ। ਹੁਣ ਇਸ ਵਿੱਚ ਸੋਧ ਕਰਦੇ ਹੋਏ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਦੇ ਵਿਭਾਗ / ਦਫ਼ਤਰ ਅਧੀਨ ਕੰਮ ਕਰਦੇ ਕਰਮਚਾਰੀ/ਅਧਿਆਕਾਰੀ ਜਿਨ੍ਹਾ ਦੀ ਡਿਊਟੀ ਵਿਧਾਨ ਸਭਾ ਹਲਕਾ 094 ਤਲਵੰਡੀ ਸਾਬੋ ਵਿੱਚ ਬਤੌਰ ਸੁਪਰਵਾਈਜਰ ਅਤੇ ਬੀ.ਐਲ.ਓਜ. ਲੱਗੀ ਹੋਈ ਹੈ, ਨੂੰ ਹਫ਼ਤੇ ਦੇ ਹਰ ਸ਼ਨੀਵਾਰ ਦੀ ਬਜਾਏ ਹਰ ਸ਼ੁਕਰਵਾਰ ਨੂੰ ਵਿਭਾਗੀ ਡਿਊਟੀ ਤੋ ਫਾਰਗ ਕੀਤਾ ਜਾਵੇ। ਜੇਕਰ ਕਿਸੇ ਸਕੂਲ ਵਿੱਚ ਇੱਕ ਜਾਂ ਦੋਂ ਅਧਿਆਪਕਾ ਦੀ ਡਿਊਟੀ ਬੀ.ਐਲ.ਓ. ਲੱਗੀ ਹੋਈ ਹੈ, ਤਾਂ ਉਹਨਾਂ ਸਕੂਲਾ ਵਿੱਚ ਬੀ.ਐਲ.ਓਜ. ਦਾ ਆਪਣੇ ਪੱਧਰ ਤੇ ਸਕੂਲ ਦਾ ਆਪਣਾ ਰੋਸਟਰ ਬਣਾ ਲੈਣ ਤਾਂ ਜੋ ਸਕੂਲ ਨੂੰ ਖਾਲੀ ਨਾ ਛੱਡਿਆ ਜਾਵੇ ਅਤੇ ਜੇਕਰ ਕਿਸੇ ਸਕੂਲ ਵਿੱਚ ਇੱਕ ਹੀ ਅਧਿਆਪਕ ਹੈ ਤੇ ਉਹ ਬੀ.ਐਲ.ਓ. ਲੱਗਿਆ ਹੋਇਆ ਹੈ ਤਾਂ ਜਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ, ਬਠਿੰਡਾ , ਬੀ.ਪੀ.ਈ.ਓ. ਤਲਵੰਡੀ ਸਾਬੋ/ਸੰਗਤ ਨੂੰ ਲਿਖਿਆ ਜਾਂਦਾ ਹੈ ਕਿ ਉਹ ਉਸ ਸਕੂਲ ਵਿੱਚ ਅਧਿਆਪਕ ਦਾ ਇੰਤਜਾਮ ਕਰਨ ਦੇ ਜਿੰਮੇਵਾਰ ਹੋਣਗੇ ਤਾਂ ਜੋ ਕੰਮ ਨੂੰ ਨਿਰਵਿਘਨਤਾ ਨਾਲ ਕੀਤਾ ਜਾ ਸਕੇ।

ਇਹਨਾਂ ਹਦਾਇਤਾ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ-ਕਮ-
ਉਪ ਮੰਜਲ ਮੈਜਿਸਟਰੇਟ,
ਤਲਵੰਡੀ ਸਾਬੋਂ

ਪਿੱਠ ਅੰਕਣ ਨੰ:5563-65/ਚੋਣ

ਮਿਤੀ 27/10/2022

ਇਸਦਾ ਇੱਕ ਉਤਾਰਾ

4. ਜਿਲ੍ਹਾ ਚੋਣ ਅਫ਼ਸਰ, ਬਠਿੰਡਾ ਜੀ ਪਾਸ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
5. ਸਮੂਹ ਸੁਪਰਵਾਈਜਰ ਵਿਧਾਨ ਸਭਾ ਹਲਕਾ 094 ਤਲਵੰਡੀ ਸਾਬੋ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਹ ਆਪਣੇ ਅਧੀਨ ਆਉਂਦੇ ਬੀ.ਐਲ.ਓਜ. ਨੂੰ ਇਸ ਕੰਮ ਲਈ ਪਾਬੰਦ ਕਰਨਗੇ ਅਤੇ ਬੀ.ਐਲ.ਓਜ. ਦੇ ਕੰਮ ਨੂੰ ਹਰ ਸ਼ੁਕਰਵਾਰ ਸਾਈਟ ਤੇ ਜਾ ਕੇ ਚੈੱਕ ਕਰਨਗੇ ਅਤੇ ਇਸ ਸਬੰਧੀ ਰਿਪੋਰਟ ਇਸ ਦਫ਼ਤਰ ਨੂੰ ਕਰਨਗੇ।
6. ਸਮੂਹ ਬੀ.ਐਲ.ਓਜ. ਪਾਸ ਹੁਕਮਾਂ ਦੀ ਪਾਲਣਾ ਕਰਨ ਹਿੱਤ ਭੇਜਿਆ ਜਾਂਦਾ ਹੈ।

ਦਫ਼ਤਰ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਬਠਿੰਡਾ
ਪਿੱਠ ਅੰਕਣ ਨੰ: ਜੀ-4/1 11/2022/155 ਮਿਤੀ: 3/11/2022

ਉਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਚੋਣਕਾਰ ਰਜਿਸਟਰੇਸ਼ਨ ਅਫਸਰ-ਕਮ-
ਉਪ ਮੰਜਲ ਮੈਜਿਸਟਰੇਟ,
ਤਲਵੰਡੀ ਸਾਬੋ

ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਬਠਿੰਡਾ